ਸਰਕਾਰੀ ਹਸਪਤਾਲ ਖਿਆਲਾ ਕਲਾਂ ਵਿਖੇ ਛੋਟੇ ਬੱਚੇ ਨੂੰ ਬੂੰਦਾਂ ਪਿਲਾ ਕੇ ਪੋਲਿਓ ਰੋਕੂ ਮੁਹਿਮ ਦੀ ਸ਼ੁਰੂਆਤ ਕਰਦੇ ਹੋਏ ਵਿਧਾਇਕ ਵਿਜੇ ਸਿੰਗਲਾ ਅਤੇ ਡਾ. ਰਣਜੀਤ ਸਿੰਘ ਰਾਏ ਸਿਵਲ ਸਰਜਨ ਮਾਨਸਾ। ਤਸਵੀਰ : ਸੋਮੀ ਮਾਨਸਾ

ਪੀ.ਐੱਚ.ਸੀ. ਨੰਗਲ ਕਲਾਂ ਵਿਖੇ ਛੋਟੇ ਬੱਚੇ ਨੂੰ ਬੂੰਦਾਂ ਪਿਲਾਉਂਦੇ ਹੋਏ ਸਿਹਤ ਕਰਮਚਾਰੀ। ਅਜੀਤ ਤਸਵੀਰ

ਪਿੰਡ ਮੋਹਰ ਸਿੰਘ ਵਾਲਾ ਵਿਖੇ ਬੂੰਦਾਂ ਪਿਲਾਉਂਦੇ ਹੋਏ ਸੁਪਰਵਾਈਜ਼ਰ ਲੀਲਾ ਰਾਮ। ਤਸਵੀਰ : ਬਲਕਾਰ ਸਿੰਘ ਸਹੋਤਾ

ਸੀ.ਐੱਚ.ਸੀ. ਝੁਨੀਰ ਵਿਖੇ ਨੰਨ੍ਹੇ ਮੁੰਨੇ ਬੱਚਿਆਂ ਨੂੰ ਪੋਲਿਓ ਰੋਕੂ ਬੂੰਦਾਂ ਪਿਲਾਉਂਦੇ ਹੋਏ ਸਿਹਤ ਕਰਮਚਾਰੀ। ਤਸਵੀਰ : ਸੰਜੀਵ ਸਿੰਗਲਾ

ਸਰਦੂਲਗੜ੍ਹ ਵਿਖੇ ਬੱਚਿਆਂ ਨੂੰ ਬੂੰਦਾਂ ਪਿਲਾ ਕੇ ਪੋਲਿਓ ਰੋਕੂ ਮੁਹਿਮ ਦੀ ਸ਼ੁਰੂਆਤ ਕਰਦੇ ਹੋਏ 'ਆਪ' ਆਗੂ ਵਿਰਸਾ ਸਿੰਘ ਭਿੰਡਰ। ਤਸਵੀਰ : ਜੀ.ਐਮ.ਅਰੋੜਾ

ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਪਿੰਡ ਮਾਨਸਾ ਖ਼ੁਰਦ ਵਿਖੇ ਛੋਟੀ ਬੱਚੀ ਨੂੰ ਬੂੰਦਾਂ ਪਿਲਾਉਂਦੇ ਹੋਏ ਸਿਹਤ ਕਰਮਚਾਰੀ। ਅਜੀਤ ਤਸਵੀਰ

ਮਾਨਸਾ ਜ਼ਿਲ੍ਹੇ 'ਚ 36 ਹਜ਼ਾਰ 548 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕੂ ਬੂੰਦਾਂ

ਮਾਨਸਾ, 8 ਦਸੰਬਰ (ਰਾਵਿੰਦਰ ਸਿੰਘ ਰਵੀ)- ਪਲਸ ਪੋਲਿਓ ਮੁਹਿੰਮ ਤਹਿਤ ਮਾਨਸਾ ਜ਼ਿਲ੍ਹੇ 'ਚ 0 ਤੋਂ 5 ਸਾਲ ਤੱਕ ਦੇ 36 ਹਜ਼ਾਰ 548 ਬੱਚਿਆਂ ਨੂੰ ਬੂਥਾਂ 'ਤੇ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਸਿਹਤ ਵਿਭਾਗ ਵਲੋਂ 72 ਹਜ਼ਾਰ 274 ਬੱਚਿਆਂ ਨੂੰ ਬੂੰਦਾਂ ਪਿਲਾਉਣ ਦਾ ਟੀਚਾ ਮਿਥਿਆ ਗਿਆ ਹੈ, ਜਿਸ ਨੂੰ ਪੂਰਾ ਕਰਨ ਲਈ 9 ਤੇ 10 ਦਸੰਬਰ ਨੂੰ ਘਰ-ਘਰ ਬੂੰਦਾਂ ਪਿਲਾਈਆਂ ਜਾਣਗੀਆਂ। ਮੁਹਿੰਮ ਦੀ ਸ਼ੁਰੂਆਤ ਮਾਨਸਾ ਹਲਕੇ ਦੇ ਵਿਧਾਇਕ ਡਾ. ਵਿਜੇ ਸਿੰਗਲਾ ਨੇ ਸਰਕਾਰੀ ਹਸਪਤਾਲ ਖਿਆਲਾ ਕਲਾਂ ਵਿਖੇ ਨੰਨ੍ਹੇ ਮੁੰਨੇ ਬੱਚਿਆਂ ਨੂੰ ਬੂੰਦਾਂ ਪਿਲਾ ਕੇ ਕੀਤੀ। ਡਾ. ਰਣਜੀਤ ਸਿੰਘ ਰਾਏ ਸਿਵਲ ਸਰਜਨ ਨੇ ਦੱਸਿਆ ਕਿ ਇਸ ਕਾਰਜ ਲਈ ਰੈਗੂਲਰ ਬੂਥ 376 ਦੇ ਨਾਲ ਹੀ 13 ਟਰਾਂਜ਼ਿਟ ਅਤੇ ਭੱਠਿਆਂ, ਫ਼ੈਕਟਰੀਆਂ, ਉਸਾਰੀ ਵਾਲੀਆਂ ਥਾਵਾਂ ਅਤੇ ਝੁੱਗੀਆਂ ਝੌਂਪੜੀਆਂ ਆਦਿ ਲਈ 18 ਮੋਬਾਈਲ ਟੀਮਾਂ ਗਠਿਤ ਕੀਤੀਆਂ ਗਈਆਂ ਸਨ। ਜ਼ਿਲ੍ਹਾ ਟੀਕਾਕਰਨ ਅਫ਼ਸਰ ਮਾਨਸਾ ਡਾ. ਕੰਵਲਪ੍ਰੀਤ ਕੌਰ ਬਰਾੜ ਨੇ ਦੱਸਿਆ ਕਿ ਮੁਹਿੰਮ ਦੇ ਦੂਸਰੇ ਅਤੇ ਤੀਸਰੇ ਦਿਨ ਵੀ ਬੱਚਿਆਂ ਨੂੰ ਬੂੰਦਾਂ ਪਿਲਾਈਆਂ ਜਾਣਗੀਆਂ ਤਾਂ ਜੋ ਕੋਈ ਵੀ ਬੱਚਾ ਪੋਲੀਓ ਬੂੰਦਾਂ ਪੀਣ ਤੋਂ ਵਾਂਝਾ ਨਾ ਰਹਿ ਸਕੇ।

ਪੀ.ਐੱਚ.ਸੀ. ਨੰਗਲ ਕਲਾਂ 'ਚ 602 ਬੱਚਿਆਂ ਨੂੰ ਬੂੰਦਾਂ ਪਿਲਾਈਆਂ

ਪੀ.ਐਚ.ਸੀ. ਨੰਗਲ ਕਲਾਂ ਵਿਖੇ 602 ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ। ਸੁਪਰਵਾਈਜ਼ਰ ਡਾ. ਵਿਸ਼ਵਜੀਤ ਸਿੰਘ ਨੇ ਦੱਸਿਆ ਕਿ ਸਾਰੇ ਪਿੰਡਾਂ ਵਿਚ ਪਲਸ ਪੋਲੀਓ ਮੁਹਿੰਮ ਨੂੰ ਵਧੀਆ ਤਰੀਕੇ ਨਾਲ ਨੇਪਰੇ ਚੜ੍ਹਾਉਣ ਲਈ ਪਿੰਡਾਂ ਦੇ ਧਾਰਮਿਕ ਸਥਾਨਾਂ ਤੋਂ ਅਨਾਊਂਸਮੈਂਟ ਵੀ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 6 ਟੀਮਾਂ ਦਾ ਗਠਨ ਕੀਤਾ ਗਿਆ ਸੀ, ਜਿਸ ਤਹਿਤ ਹੈਲਥ ਵੈੱਲਨੈੱਸ ਸੈਂਟਰ ਘਰਾਂਗਣਾ, ਨੰਗਲ ਖ਼ੁਰਦ, ਪੀ.ਐੱਚ.ਸੀ. ਨੰਗਲ ਕਲਾਂ, ਭਲੇਰੀਆ ਧਰਮਸ਼ਾਲਾ ਨੰਗਲ ਕਲਾਂ, ਹੈਲਥ ਵੈਲਨੈੱਸ ਸੈਂਟਰ ਨੰਗਲ ਕਲਾਂ ਅਤੇ ਹੀਰੇਵਾਲਾ ਵਿਖੇ ਪਲਸ ਪੋਲੀਓ ਦੇ ਬੂਥ ਲਗਾਏ ਗਏ ਸਨ। ਇਸ ਮੌਕੇ ਕਰਮਜੀਤ ਕੌਰ, ਚਾਣਨਦੀਪ ਸਿੰਘ, ਮੋਹਣੀ ਕੌਰ, ਕੁਲਵਿੰਦਰ ਕੌਰ, ਪਾਰਸਦੀਪ ਸਿੰਘ, ਅਜੈਬ ਸਿੰਘ ਹੀਰੇਵਾਲਾ, ਗੁਰਦੀਪ ਸਿੰਘ, ਅਮਰਜੀਤ ਕੌਰ, ਸ਼ੀਨਾ ਰਾਣੀ, ਸਰਬਜੀਤ ਕੌਰ ਘਰਾਂਗਣਾ, ਸਾਹਿਲ ਸ਼ਰਮਾ ਗੀਤਾ ਰਾਣੀ, ਅਮਰਜੀਤ ਕੌਰ, ਵੀਰਪਾਲ ਕੌਰ, ਸੁਖਵਿੰਦਰ ਕੌਰ ਆਦਿ ਹਾਜ਼ਰ ਸਨ।

ਅੱਜ ਤੇ ਕੱਲ੍ਹ ਘਰ-ਘਰ ਪਿਲਾਈਆਂ ਜਾਣਗੀਆਂ ਬੂੰਦਾਂ

ਤ੍ਰਿਵੈਣੀ ਮੰਦਰ ਮਾਨਸਾ ਵਿਖੇ ਬੱਚਿਆਂ ਨੂੰ ਬੂੰਦਾਂ ਪਿਲਾਉਂਦੇ ਹੋਏ ਹਲਕਾ ਵਿਧਾਇਕ ਡਾ. ਵਿਜੇ ਸਿੰਗਲਾ। ਤਸਵੀਰ : ਸੋਮੀ ਮਾਨਸਾ

ਤ੍ਰਿਵੈਣੀ ਮੰਦਰ ਤੇ ਡੇਰਾ ਬਾਬਾ ਭਾਈ ਗੁਰਦਾਸ 'ਚ ਬੱਚਿਆਂ ਨੂੰ ਬੂੰਦਾਂ ਪਿਲਾਈਆਂ

ਰੋਟਰੀ ਕਲੱਬ ਮਾਨਸਾ ਰੋਇਲ ਵਲੋਂ ਪ੍ਰਧਾਨ ਜਗਦੀਸ਼ ਰਾਏ ਦੀ ਪ੍ਰਧਾਨਗੀ ਹੇਠ ਸਥਾਨਕ ਤ੍ਰਿਵੈਣੀ ਮੰਦਰ ਵਿਖੇ ਹਲਕਾ ਵਿਧਾਇਕ ਡਾ. ਵਿਜੇ ਸਿੰਗਲਾ ਨੇ ਬੱਚਿਆਂ ਨੂੰ ਪੋਲਿਓ ਰੋਕੂ ਬੂੰਦਾਂ ਪਿਲਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸੇ ਤਰ੍ਹਾਂ ਡੇਰਾ ਬਾਬਾ ਭਾਈ ਗੁਰਦਾਸ ਮਾਨਸਾ ਵਿਖੇ ਵੀ ਬੂੰਦਾਂ ਪਿਲਾਈਆਂ ਗਈਆਂ। ਇਸ ਮੌਕੇ ਸੰਜੀਵ ਕੁਮਾਰ ਅਰੋੜਾ, ਡਾ. ਸ਼ੇਰਸਿੰਗ ਸਿੰਘ ਸਿੱਧੂ, ਪ੍ਰੇਮ ਕੁਮਾਰ ਅਗਰਵਾਲ, ਰੇਣੂ ਅਗਰਵਾਲ, ਸੁਨੀਤਾ ਗਰਗ, ਮਨਪ੍ਰੀਤ ਵਾਲੀਆ, ਜਗਦੀਸ਼ ਰਾਏ, ਹਰੀਸ਼ ਕੁਮਾਰ ਗਰਗ, ਸੁਨੀਲ ਕੁਮਾਰ ਗੋਇਲ, ਮਨੋਜ ਕੁਮਾਰ ਗੋਇਲ, ਰਕੇਸ਼ ਸੇਠੀ ਆਦਿ ਹਾਜ਼ਰ ਸਨ।

ਪਿੰਡ ਮੋਹਰ ਸਿੰਘ ਵਾਲਾ 'ਚ ਬੂੰਦਾਂ ਪਿਲਾਈਆਂ

ਭੀਖੀ ਤੋਂ ਬਲਕਾਰ ਸਿੰਘ ਸਹੋਤਾ ਅਨੁਸਾਰ- ਸਿਹਤ ਬਲਾਕ ਖ਼ਿਆਲਾ ਕਲਾ ਅਧੀਨ ਆਉਂਦੇ ਕੇਂਦਰਾਂ 'ਤੇ ਬੱਚਿਆਂ ਨੂੰ ਪੋਲਿਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਸਿਹਤ ਸੁਪਰਵਾਈਜ਼ਰ ਲੀਲਾ ਰਾਮ ਨੇ ਦੱਸਿਆ ਕਿ 'ਦੋ ਬੂੰਦ ਹਰ ਵਾਰ, ਪੋਲਿਓ ਤੇ ਜਿੱਤ ਰਹੇ ਬਰਕਰਾਰ ਦੇ ਨਾਅਰੇ ਹੇਠ ਆਸ਼ਾ ਵਰਕਰਾਂ ਅਤੇ ਸਿਹਤ ਕਰਮੀਆਂ ਵਲੋਂ ਦੇ ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ। ਪਿੰਡ ਮੋਹਰ ਸਿੰਘ ਵਾਲਾ ਵਿਖੇ ਪੋਲਿਓ ਮੁਹਿੰਮ ਦੌਰਾਨ ਕੈਂਪ ਲਗਾ ਕੇ ਬੱਚਿਆਂ ਨੂੰ ਬੂੰਦਾਂ ਉਤਸ਼ਾਹ ਨਾਲ ਪਿਲਾਈਆਂ ਗਈਆਂ। ਇਸ ਮੌਕੇ ਬਲਜੀਤ ਕੌਰ, ਬਿਮਲਾ ਰਾਣੀ, ਜਸਵੀਰ ਕੌਰ, ਰਵੀਨਾ, ਜਸਵੀਰ ਕੌਰ, ਰਾਣੀ ਬੇਗਮ, ਅਮਨਦੀਪ ਕੌਰ ਆਦਿ ਹਾਜ਼ਰ ਸਨ।

ਸੀ.ਐਚ.ਸੀ. ਝੁਨੀਰ ਵਿਖੇ ਨੰਨ੍ਹੇ-ਮੁੰਨੇ ਬੱਚਿਆਂ ਨੂੰ ਬੂੰਦਾਂ ਪਿਲਾਈਆਂ

ਝੁਨੀਰ ਤੋਂ ਸੰਜੀਵ ਸਿੰਗਲਾ ਅਨੁਸਾਰ- ਸੀ.ਐੱਚ.ਸੀ ਝੁਨੀਰ ਵਿਖੇ ਪਲਸ ਪੋਲੀਓ ਮੁਹਿੰਮ ਦੌਰਾਨ ਨੰਨੇ ਮੁੰਨੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਗਈਆਂ। ਭੋਲਾ ਸਿੰਘ ਹੈਲਥ ਇੰਸਪੈਕਟਰ, ਰਾਜਿੰਦਰ ਸਿੰਘ, ਸੁਖਪ੍ਰੀਤ ਸਿੰਘ ਨੇ ਦੱਸਿਆ ਕਿ ਭਾਵੇਂ ਭਾਰਤ ਵਿਚ ਲੰਮੇ ਸਮੇਂ ਤੋਂ ਕੋਈ ਪੋਲੀਓ ਦਾ ਕੇਸ ਨਹੀਂ ਆਇਆ ਪ੍ਰੰਤੂ ਗੁਆਂਢੀ ਦੇਸ਼ਾਂ ਵਿਚ ਆਏ ਕੇਸਾਂ ਨੂੰ ਦੇਖਦੇ ਹੋਏ ਲਗਾਤਾਰ ਮੁਹਿੰਮ ਜਾਰੀ ਹੈ। ਇਸ ਮੌਕੇ ਸੁਖਪਾਲ ਕੌਰ, ਰਾਜਿੰਦਰ ਕੌਰ, ਸਿਮਰਜੀਤ ਕੌਰ, ਵੀਰਪਾਲ ਕੌਰ, ਕਮਲਪ੍ਰੀਤ ਕੌਰ ਆਦਿ ਹਾਜ਼ਰ ਸਨ।

ਐਸ.ਡੀ.ਐਚ. ਸਰਦੂਲਗੜ੍ਹ 'ਚ ਪੋਲਿਓ ਰੋਕੂ ਬੂੰਦਾਂ ਪਿਲਾਈਆਂ

ਸਰਦੂਲਗੜ੍ਹ ਤੋਂ ਜੀ. ਐਮ.ਅਰੋੜਾ ਅਨੁਸਾਰ- ਐਸ.ਡੀ.ਐਚ.ਸਰਦੂਲਗੜ੍ਹ ਤੋਂ ਆਮ ਆਦਮੀ ਪਾਰਟੀ ਦਫ਼ਤਰ ਸਰਦੂਲਗੜ੍ਹ ਦੇ ਇੰਚਾਰਜ ਵਿਰਸਾ ਸਿੰਘ ਭਿੰਡਰ ਵਲੋਂ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਸ਼ੁਰੂਆਤ ਕੀਤੀ ਗਈ। ਨੋਡਲ ਅਫ਼ਸਰ ਡਾ. ਰਵਨੀਤ ਕੌਰ, ਬਲਾਕ ਐਜੂਕੇਟਰ ਤਿਰਲੋਕ ਸਿੰਘ ਨੇ ਦੱਸਿਆ ਕਿ ਬਲਾਕ ਵਿਚ 112 ਰੈਗੂਲਰ ਬੂਥ, 4 ਟਰਾਂਜ਼ਿਟ ਟੀਮਾਂ ਅਤੇ 6 ਮੋਬਾਈਲ ਟੀਮਾਂ ਦਾ ਗਠਨ ਕੀਤਾ ਗਿਆ ਹੈ। ਅੱਜ 9 ਹਜ਼ਾਰ 128 ਬੱਚਿਆਂ ਨੂੰ ਬੂੰਦਾਂ ਪਿਲਾਈਆਂ ਜਾ ਚੁੱਕੀਆਂ ਸਨ। ਇਸ ਮੌਕੇ ਭਗਵਾਨ ਸਿੰਘ, ਦੀਪ ਸਿੰਘ ਮੋਹਲ, ਸਤਪਾਲ ਖੰਨਾ, ਹਰਜੀਤ ਕੌਰ ਆਦਿ ਹਾਜ਼ਰ ਸਨ।

ਸੁਖਬੀਰ 'ਤੇ ਹੋਇਆ ਜਾਨਲੇਵਾ ਹਮਲਾ ਨਿੰਦਣਯੋਗ- ਟੋਡਰਪੁਰ/ਸਿਰਸੀਵਾਲਾ

ਬਰੇਟਾ, 8 ਦਸੰਬਰ (ਪਾਲ ਸਿੰਘ ਮੰਡੇਰ)- ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੇ ਆਗੂ ਗੁਰਦੀਪ ਸਿੰਘ ਟੋਡਰਪੁਰ ਅਤੇ ਅਕਾਲੀ ਦਲ ਦੇ ਜਰਨਲ ਕੌਂਸਲ ਮੈਂਬਰ ਬਲਦੇਵ ਸਿੰਘ ਸਿਰਸੀਵਾਲਾ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਜਿੰਨੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਦੀ ਸੁਰੱਖਿਆ ਵਿਚ ਕੀਤੀ ਕੁਤਾਹੀ ਨਾਲ ਪੰਥ ਦਾ ਵੱਡਾ ਨੁਕਸਾਨ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦਿਆਂ ਸ. ਬਾਦਲ ਇਕ ਸਿੱਖ ਸੇਵਾਦਾਰ ਵਜੋਂ ਸੇਵਾ ਕਰ ਰਹੇ ਸਨ ਪ੍ਰੰਤੂ ਸੁਰੱਖਿਆ ਏਜੰਸੀਆਂ ਵਲੋਂ ਕੀਤੀ ਵੱਡੀ ਕੁਤਾਹੀ ਕਾਰਨ ਹਮਲਾਵਰ ਉਨ੍ਹਾਂ ਦੇ ਨੇੜੇ ਪਹੁੰਚ ਗਿਆ। ਇਸ ਦੇ ਨਾਲ ਹੀ ਸੂਬਾ ਸਰਕਾਰ ਦੀ ਅਮਨ ਕਾਨੂੰਨ ਤੇ ਕੰਟਰੋਲ ਵਾਲੀ ਸਥਿਤੀ ਦੀ ਵੀ ਪੋਲ ਖੁੱਲ੍ਹ ਗਈ ਹੈ। ਹਮਲੇ ਦੀ ਨਿੰਦਾ ਕਰਨ ਵਾਲਿਆਂ ਵਿਚ ਅਜੈਬ ਸਿੰਘ ਖੁਡਾਲ, ਜਸਵੀਰ ਸਿੰਘ ਜੱਸੂ ਕੁੱਲਰੀਆਂ, ਸਿਕੰਦਰ ਸਿੰਘ ਜ਼ੈਲਦਾਰ, ਬਲਜਿੰਦਰ ਸਿੰਘ ਚੱਕ ਅਲੀਸ਼ੇਰ, ਨਿਰਭੈ ਸਿੰਘ ਖੱਤਰੀਵਾਲਾ, ਗੁਰਚਰਨ ਸਿੰਘ ਦਿਆਲਪੁਰਾ, ਬਲਵਿੰਦਰ ਸਿੰਘ ਭਖੜਿਆਲ, ਤੇਜਾ ਸਿੰਘ ਖੱਤਰੀਵਾਲਾ , ਹਰਜਿੰਦਰ ਸਿੰਘ ਰੰਘੜਿਆਲ, ਗਿਆਨ ਸਿੰਘ ਧਰਮਪੁਰਾ ਸ਼ਾਮਿਲ ਹਨ।

ਪਿੰਡ ਬੱਪੀਆਣਾ ਵਿਖੇ ਮੁੜ ਕਣਕ ਦੀ ਬਿਜਾਈ ਕਰਨ ਮੌਕੇ ਕਿਸਾਨ ਸਤਨਾਮ ਸਿੰਘ ਤੇ ਹੋਰ। ਅਜੀਤ ਤਸਵੀਰ

ਪਿੰਡ ਬੱਪੀਆਣਾ ਦੇ ਕਿਸਾਨ ਨੇ ਗੁਲਾਬੀ ਸੁੰਡੀ ਕਾਰਨ ਬਰਬਾਦ ਹੋਈ ਕਣਕ ਦੀ ਫ਼ਸਲ ਵਾਹੀ

ਮਾਨਸਾ, 8 ਦਸੰਬਰ (ਰਾਵਿੰਦਰ ਸਿੰਘ ਰਵੀ)- ਜ਼ਿਲ੍ਹੇ ਦੇ ਪਿੰਡ ਬੱਪੀਆਣਾ ਵਿਖੇ ਇਕ ਕਿਸਾਨ ਨੇ 5 ਏਕੜ 'ਚ ਬੀਜੀ ਕਣਕ ਦੀ ਫ਼ਸਲ ਸੁੰਡੀ ਪੈਣ ਕਾਰਨ ਵਾਹ ਦਿੱਤੀ ਹੈ। ਕਿਸਾਨ ਸਤਨਾਮ ਸਿੰਘ ਪੁੱਤਰ ਵਜੀਰ ਸਿੰਘ ਨੇ ਦੱਸਿਆ ਕਿ ਉਸ ਨੇ ਪਰਾਲੀ ਨੂੰ ਅੱਗ ਲਗਾਏ ਬਿਨਾਂ ਸਿੱਧੀ ਸੁਪਰ ਸੀਡਰ ਨਾਲ ਬਿਜਾਈ ਕੀਤੀ ਸੀ ਅਤੇ ਕੁਝ ਦਿਨਾਂ ਬਾਅਦ ਫ਼ਸਲ ਹਰੀ ਹੋਈ ਅਤੇ ਬਾਅਦ 'ਚ ਉਸ 'ਚ ਸੁੰਡੀ ਪੈ ਗਈ, ਜਿਸ ਨਾਲ ਕਣਕ ਦੀ ਫ਼ਸਲ ਬਰਬਾਦ ਹੋ ਗਈ। ਕਿਸਾਨ ਨੇ ਦੱਸਿਆ ਕਿ ਅਜਿਹਾ ਕਰਨ ਨਾਲ ਉਸ ਦਾ ਵੱਡਾ ਆਰਥਿਕ ਨੁਕਸਾਨ ਹੋਇਆ ਹੈ। ਕਿਸਾਨ ਨੇ ਕਿਹਾ ਕਿ ਹੁਣ ਦੁਆਰਾ ਉਸ ਵਲੋਂ ਕਣਕ ਦੀ ਬਿਜਾਈ ਕੀਤੀ ਗਈ ਹੈ ਅਤੇ ਲੇਟ ਬਿਜਾਈ ਕਾਰਨ ਫ਼ਸਲ ਦੇ ਝਾੜ 'ਤੇ ਅਸਰ ਪਵੇਗਾ। ਇਸ ਸਬੰਧੀ ਕੁਲਦੀਪ ਸਿੰਘ ਬੱਪੀਆਣਾ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ ਭਾਰਤੀ ਜਨਤਾ ਪਾਰਟੀ ਨੇ ਦੱਸਿਆ ਕਿ ਪਿੰਡ 'ਚ ਕਰੀਬ 500 ਤੋਂ 650 ਏਕੜ ਰਕਬੇ 'ਚ ਸੁੰਡੀ ਦਾ ਹਮਲਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਪੀੜਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਦਵਿੰਦਰ ਸਿੰਘ ਘੁਮਾਣਾ, ਹਰਮਨ ਸਿੰਘ ਸੋਖੋਂ, ਜਗਜੀਤ ਸਿੰਘ ਜੱਗੀ, ਕੁਲਵਿੰਦਰ ਸਿੰਘ ਮੁੱਦਕੀ, ਦਲਜੀਤ ਸਿੰਘ ਦਰਸ਼ੀ, ਵਜੀਰ ਸਿੰਘ, ਗੁਰਪ੍ਰੀਤ ਸਿੰਘ, ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

ਸਾਹਨੀ ਵਲੋਂ ਸ. ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਨਿੰਦਾ

ਹਰਿੰਦਰ ਸਿੰਘ ਸਾਹਨੀ

ਬੁਢਲਾਡਾ, 8 ਦਸੰਬਰ (ਰਾਹੀ)- ਪਿਛਲੇ ਦਿਨੀਂ ਸੁਖਬੀਰ ਸਿੰਘ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਘਟਨਾ ਦੀ ਨਿਖੇਧੀ ਕਰਦਿਆਂ ਹਲਕਾ ਬੁਢਲਾਡਾ ਦੇ ਸੀਨੀਅਰ ਅਕਾਲੀ ਆਗੂ ਹਰਿੰਦਰ ਸਿੰਘ ਸਾਹਨੀ ਨੇ ਕਿਹਾ ਕਿ ਇਹ ਹਮਲਾ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰ 'ਤੇ ਹਮਲਾ ਹੈ ਕਿਉਂਕਿ ਸ. ਬਾਦਲ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੁਕਮਾਂ ਅਨੁਸਾਰ ਧਾਰਮਿਕ ਸਜ਼ਾ ਅਧੀਨ ਨਿਮਾਣੇ ਸਿੱਖ ਵਜੋਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਬਾਹਰ ਸੇਵਾਦਾਰਾਂ ਵਜੋਂ ਸੇਵਾ ਨਿਭਾ ਰਹੇ ਸਨ। ਉਕਤ ਘਟਨਾ ਨੂੰ ਬੇਹੱਦ ਮੰਦਭਾਗਾ ਦੱਸਦਿਆਂ ਸ. ਸਾਹਨੀ ਨੇ ਕਿਹਾ ਕਿ ਇਸ ਦੀ ਹਰ ਸਿੱਖ ਨੂੰ ਨਿੰਦਾ ਕਰਨੀ ਚਾਹੀਦੀ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੀ ਚੜ੍ਹਦੀ ਕਲਾਂ ਦੀ ਵੀ ਕਾਮਨਾ ਕੀਤੀ। ਇਸ ਮੌਕੇ ਨੰਬਰਦਾਰ ਭੁਪਿੰਦਰ ਸਿੰਘ, ਹਾਕਮ ਸਿੰਘ ਜੱਸਲ, ਯੂਥ ਆਗੂ ਤਨਜੋਤ ਸਿੰਘ ਸਾਹਨੀ ਆਦਿ ਹਾਜ਼ਰ ਸਨ।

ਮਾਲਵਾ ਪ੍ਰੈੱਸ ਕਲੱਬ ਬੁਢਲਾਡਾ ਦੇ ਅਹੁਦੇਦਾਰਾਂ ਦੀ ਚੋਣ

ਬੁਢਲਾਡਾ, 8 ਦਸੰਬਰ (ਸਵਰਨ ਸਿੰਘ ਰਾਹੀ)- ਪਿਛਲੇ ਦਿਨੀਂ ਬੁਢਲਾਡਾ ਖੇਤਰ ਨਾਲ ਸੰਬੰਧਿਤ ਬਹੁ ਗਿਣਤੀ ਪੱਤਰਕਾਰਾਂ ਵਲੋਂ ਗਠਿਤ ਪ੍ਰੈੱਸ ਕਲੱਬ ਬੁਢਲਾਡਾ ਦੀ ਸਰਬਸੰਮਤੀ ਨਾਲ ਹੋਈ ਚੋਣ 'ਚ ਇੰਦਰਜੀਤ ਸਿੰਘ ਟੋਨੀ ਨੂੰ ਪ੍ਰਧਾਨ ਚੁਣਨ ਸਮੇਤ ਹੋਰਨਾਂ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਹੈ। ਸੀਨੀਅਰ ਆਗੂ ਪੰਕਜ ਰਾਜੂ ਨੇ ਦੱਸਿਆ ਕਿ ਅੱਜ ਦੀ ਚੋਣ 'ਚ ਪ੍ਰਧਾਨ ਤੋਂ ਇਲਾਵਾ ਬਲਵਿੰਦਰ ਜਿੰਦਲ ਨੂੰ ਜਨਰਲ ਸਕੱਤਰ, ਅਮਨ ਮਹਿਤਾ ਸਹਾਇਕ ਸਕੱਤਰ, ਜਤਿੰਦਰ ਰਿੰਕੂ ਖ਼ਜ਼ਾਨਚੀ ਅਤੇ ਅਮਿਤ ਜਿੰਦਲ ਨੂੰ ਸਹਾਇਕ ਖ਼ਜ਼ਾਨਚੀ ਚੁਣਿਆ ਗਿਆ ਹੈ। ਮੀਟਿੰਗ ਦੌਰਾਨ ਮਾਲਵਾ ਪ੍ਰੈੱਸ ਕਲੱਬ ਨੂੰ ਰਜਿਸਟਰਡ ਕਰਵਾਉਣ ਸਮੇਤ ਪੰਜਾਬ-ਚੰਡੀਗੜ੍ਹ ਪੱਤਰਕਾਰ ਪਰਿਸ਼ਦ ਨਾਲ ਜੋੜਨ ਸਬੰਧੀ ਵੀ ਫ਼ੈਸਲਾ ਕੀਤਾ ਗਿਆ। ਨਵ-ਨ